# ਕੀਟਨਾਸ਼ਕ ਦੀਆਂ ਘਟਨਾਵਾਂ, ਬਿਮਾਰੀਆਂ, ਜਾਂ ਚਿੰਤਾਵਾਂ ਦੀ ਰਿਪੋਰਟ ਕਰਨ ਦਾ ਤਰੀਕਾ

## ਕੀਟਨਾਸ਼ਕ ਦੀਆਂ ਘਟਨਾਵਾਂ ਜਾਂ ਚਿੰਤਾਵਾਂ

### ਕੀ ਤੁਸੀਂ ਕੀਟਨਾਸ਼ਕ-ਨਾਲ-ਸੰਬੰਧਿਤ **ਐਮਰਜੈਂਸੀ** ਦਾ ਅਨੁਭਵ ਕਰ ਰਹੇ ਹੋ?

ਉਦਾਹਰਨ ਲਈ, ਜੇਕਰ ਤੁਸੀਂ ਮੌਜੂਦਾ ਸਮੇਂ ਵਿੱਚ ਕੀਟਨਾਸ਼ਕ ਸਪਰੇਅ ਜਾਂ ਵਹਾਅ ਦੇ ਸੰਪਰਕ ਵਿੱਚ ਆਏ ਹੋ, ਵਿਸ਼ੇਸ਼ ਤੌਰ 'ਤੇ ਜੇਕਰ ਤੁਹਾਨੂੰ ਸਾਹ ਲੈਣ ਵਿੱਚ ਮੁਸ਼ਕਲ ਵਰਗੀਆਂ ਗੰਭੀਰ ਸਿਹਤ ਸਮੱਸਿਆਵਾਂ ਪੇਸ਼ ਆ ਰਹੀਆਂ ਹਨ।

ਕਿਰਪਾ ਕਰਕੇ ਮਦਦ ਲਈ **9-1-1 ਤੇ ਡਾਇਲ ਕਰੋ**।

### ਕੀ ਤੁਸੀਂ **ਗੈਰ-ਐਮਰਜੈਂਸੀ** ਕੀਟਨਾਸ਼ਕ ਘਟਨਾ ਜਾਂ ਚਿੰਤਾ ਦੀ ਰਿਪੋਰਟ ਕਰਨਾ ਚਾਹੁੰਦੇ?

**ਘਟਨਾ ਦੀ ਰਿਪੋਰਟ ਕਰਨ ਲਈ ਆਪਣੇ ਕਾਉਂਟੀ ਖੇਤੀਬਾੜੀ ਕਮਿਸ਼ਨਰ (CAC) ਦੇ ਦਫ਼ਤਰ** ਨੂੰ ਕਾਲ ਕਰੋ। ਜੇਕਰ ਕਾਰੋਬਾਰੀ ਸਮੇਂ ਤੋਂ ਬਾਹਰ ਕਾਲ ਕਰ ਰਹੇ ਹੋ, ਤਾਂ ਕਿਰਪਾ ਕਰਕੇ ਇੱਕ ਮੈਸੇਜ ਛੱਡੋ।

ਤੁਸੀਂ ਉਹਨਾਂ ਦਾ ਨੰਬਰ ਔਨਲਾਈਨ (www.cdfa.ca.gov/exec/county/county_contacts.html) ਜਾਂ 1-87PestLine (1-877-378-5463) 'ਤੇ ਕਾਲ ਕਰਕੇ ਲੱਭ ਸਕਦੇ ਹੋ।

ਤੁਸੀਂ ਆਪਣਾ ਨਾਮ ਦੱਸੇ ਬਿਨਾਂ (ਗੁੰਮਨਾਮ ਤੌਰ 'ਤੇ) ਇੱਕ ਰਿਪੋਰਟ ਦਰਜ ਕਰ ਸਕਦੇ ਹੋ, ਪਰ ਜੇਕਰ ਤੁਸੀਂ ਕੋਈ ਸੰਪਰਕ ਜਾਣਕਾਰੀ ਨਹੀਂ ਛੱਡਦੇ ਹੋ, ਤਾਂ CAC ਸਟਾਫ਼ ਕਾਲ ਰਾਹੀਂ ਕੋਈ ਜਾਣਕਾਰੀ ਨਹੀਂ ਲੈ ਸਕਦਾ।

### ਤੁਹਾਡੀ ਰਿਪੋਰਟ ਦੀ ਜਾਂਚ ਵਿੱਚ ਕਿਹੜੀ ਜਾਣਕਾਰੀ CAC ਸਟਾਫ਼ ਦੀ ਮਦਦ ਕਰੇਗੀ?

- ਉਹ ਪਤਾ ਜਾਂ ਸਥਾਨ, ਜਿੱਥੇ ਘਟਨਾ ਵਾਪਰੀ ਹੈ ਜਾਂ ਵਾਪਰ ਰਹੀ ਹੈ
- ਘਟਨਾ ਦੀ ਮਿਤੀ ਅਤੇ ਸਮਾਂ
- ਜੇਕਰ ਤੁਸੀਂ ਜਾਂ ਕਿਸੇ ਹੋਰ ਵਿਅਕਤੀ ਨੇ ਕੋਈ ਸਰੀਰਕ ਜਾਂ ਹੋਰ ਲੱਛਣਾਂ ਦਾ ਅਨੁਭਵ ਕੀਤਾ ਹੈ ਜਾਂ ਅਨੁਭਵ ਕਰ ਰਹੇ ਹੋ
- ਘਟਨਾ ਦਾ ਇੱਕ ਸੰਖੇਪ ਵਰਣਨ, ਜਿਸ ਵਿੱਚ ਇਹ ਸ਼ਾਮਲ ਹੈ ਕਿ ਤੁਸੀਂ ਕੀ ਦੇਖਿਆ, ਸੁੰਘਿਆ, ਜਾਂ ਮਹਿਸੂਸ ਕੀਤਾ।

ਇਸ ਤੋਂ ਇਲਾਵਾ, ਤੁਹਾਡੇ ਦੁਆਰਾ ਆਪਣਾ ਨਾਮ, ਫ਼ੋਨ ਨੰਬਰ ਜਾਂ ਈਮੇਲ ਪ੍ਰਦਾਨ ਕਰਨ ਨਾਲ ਜਾਂਚ ਵਿੱਚ ਮਦਦ ਮਿਲੇਗੀ, ਪਰ **ਤੁਹਾਨੂੰ ਜਾਂਚ ਕਰਨ ਲਈ CAC ਸਟਾਫ਼ ਨੂੰ ਉਹ ਜਾਣਕਾਰੀ ਪ੍ਰਦਾਨ** ਕਰਨ ਦੀ ਜ਼ਰੂਰਤ ਨਹੀਂ ਹੈ। ਜੇਕਰ ਤੁਸੀਂ ਆਪਣਾ ਨਾਮ ਪ੍ਰਦਾਨ ਕਰਦੇ ਹੋ, ਤਾਂ CAC ਸਟਾਫ਼ ਇਸਨੂੰ ਕਿਸੇ ਵਿਅਕਤੀ ਨਾਲ ਸਾਂਝਾ ਨਹੀਂ ਕਰੇਗਾ, ਜਦੋਂ ਤੱਕ ਤੁਸੀਂ ਅਧਿਕਾਰਤ ਰਿਪੋਰਟਾਂ ਵਿੱਚ ਨਾਮ ਦੇਣ ਲਈ ਨਹੀਂ ਕਹਿੰਦੇ। ਜੇਕਰ ਤੁਸੀਂ ਆਪਣੀ ਸੰਪਰਕ ਜਾਣਕਾਰੀ ਪ੍ਰਦਾਨ ਕਰਦੇ ਹੋ, ਤਾਂ CAC ਸਟਾਫ਼ ਅਗਲੇ ਕਾਰੋਬਾਰੀ ਦਿਨ ਦੇ ਅੰਦਰ ਤੁਹਾਡੇ ਕੋਲ ਵਾਪਸ ਆਵੇਗਾ।

ਪ੍ਰਦਾਨ ਕੀਤੀ ਗਈ ਜਾਣਕਾਰੀ ਦੇ ਆਧਾਰ 'ਤੇ, CAC ਸਟਾਫ਼ ਘਟਨਾ ਵਿੱਚ ਸ਼ਾਮਲ ਵਿਅਕਤੀ(ਆਂ) ਜਾਂ ਕਾਰੋਬਾਰ ਦੀ ਪਛਾਣ ਕਰਨ ਅਤੇ ਉਹਨਾਂ ਦੀ ਜਾਂਚ ਕਰਨ ਲਈ ਕੰਮ ਕਰੇਗਾ। ਜਾਂਚ ਪੂਰੀ ਕਰਨ ਦਾ ਸਮਾਂ ਵੱਖ-ਵੱਖ ਹੁੰਦਾ ਹੈ। ਤੁਸੀਂ ਘਟਨਾ ਵਿੱਚ ਸ਼ਾਮਲ ਕੀਟਨਾਸ਼ਕ(ਕਾਂ) ਦੇ ਨਾਮ ਦੀ ਬੇਨਤੀ ਕਰਨ ਲਈ ਕਾਲ ਕਰ ਸਕਦੇ ਹੋ—ਜਿਸਨੂੰ ਪਛਾਣ ਹੋਣ ਤੋਂ ਬਾਅਦ ਸਾਂਝਾ ਕੀਤਾ ਜਾ ਸਕਦਾ ਹੈ—ਅਤੇ **ਤੁਸੀਂ ਪ੍ਰਕਿਰਿਆ ਵਿੱਚ ਕਿਸੇ ਵੀ ਸਮੇਂ ਜਾਂਚ ਦੀ** ਪ੍ਰਗਤੀ ਦੀ ਜਾਂਚ ਕਰ ਸਕਦੇ ਹੋ। ਇੱਕ ਵਾਰ ਇਸਦੇ ਪੂਰਾ ਹੋ ਜਾਣ 'ਤੇ ਤੁਹਾਨੂੰ ਅੰਤਿਮ ਜਾਂਚ ਰਿਪੋਰਟ ਦੀ ਇੱਕ ਕਾਪੀ ਪ੍ਰਾਪਤ ਕਰਨ ਦਾ ਅਧਿਕਾਰ ਵੀ ਹੈ।

ਕੀਟਨਾਸ਼ਕ ਸਮੱਸਿਆਵਾਂ ਦੀ ਰਿਪੋਰਟ ਕਰਨ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਇੱਥੇ ਵਿਜ਼ਿਟ ਕਰੋ: www.cdpr.ca.gov/docs/dept/quicklinks/report.htm.

### ਕੀ ਤੁਹਾਨੂੰ **ਕੰਮ 'ਤੇ ਹੋਣ ਵੇਲੇ** ਕੀਟਨਾਸ਼ਕਾਂ ਦੇ ਸੰਪਰਕ ਵਿੱਚ ਆਉਣ ਦਾ ਖ਼ਤਰਾ ਹੈ?

ਤੁਹਾਨੂੰ ਆਪਣੇ **ਕਾਉਂਟੀ ਖੇਤੀਬਾੜੀ ਕਮਿਸ਼ਨਰ (CAC) ਦੇ ਦਫ਼ਤਰ** ਨੂੰ ਬਿਨਾਂ ਸਜ਼ਾ ਜਾਂ ਨੌਕਰੀ ਤੋਂ ਕੱਢੇ ਅਸੁਰੱਖਿਅਤ ਕੀਟਨਾਸ਼ਕ ਕੰਮ ਦੀਆਂ ਸਥਿਤੀਆਂ ਅਤੇ ਸੰਭਾਵੀ ਕੀਟਨਾਸ਼ਕਾਂ ਦੀ ਵਰਤੋਂ ਦੀਆਂ ਉਲੰਘਣਾਵਾਂ ਦੀ ਰਿਪੋਰਟ ਕਰਨ ਦਾ ਅਧਿਕਾਰ ਹੈ।

ਰੁਜ਼ਗਾਰਦਾਤਾਵਾਂ ਨੂੰ ਕਾਨੂੰਨ ਦੁਆਰਾ ਸੁਰੱਖਿਅਤ ਕੀਟਨਾਸ਼ਕ ਕੰਮ ਦੀਆਂ ਸਥਿਤੀਆਂ ਨੂੰ ਯਕੀਨੀ ਬਣਾਉਣ ਦੀ ਜ਼ਰੂਰਤ ਹੁੰਦੀ ਹੈ, ਜਿਸ ਵਿੱਚ ਇਹ ਸ਼ਾਮਲ ਹਨ:

- ਕਰਮਚਾਰੀਆਂ ਦੁਆਰਾ ਕੀਟਨਾਸ਼ਕਾਂ ਦੀ ਸੰਭਾਲ ਤੋਂ ਪਹਿਲਾਂ ਅਤੇ ਇਲਾਜ ਕੀਤੇ ਖੇਤਾਂ ਵਿੱਚ ਕੰਮ ਕਰਨ ਤੋਂ ਪਹਿਲਾਂ ਸਿਖਲਾਈ ਪ੍ਰਦਾਨ ਕਰਨਾ
- ਉਚਿਤ ਵਿਅਕਤੀਗਤ ਸੁਰੱਖਿਆ ਸਮੱਗਰੀ (PPE) ਅਤੇ ਡੀਕੰਟੈਮੀਨੇਸ਼ਨ (ਧੋਆ-ਧੁਆਈ) ਸਪਲਾਈ ਪ੍ਰਦਾਨ ਕਰਨਾ।

ਕੀਟਨਾਸ਼ਕ ਕਰਮਚਾਰੀ ਸੁਰੱਖਿਆ ਲਈ ਰੁਜ਼ਗਾਰਦਾਤਾ ਦੀਆਂ ਜ਼ਿੰਮੇਵਾਰੀਆਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਇੱਥੇ ਵਿਜ਼ਿਟ ਕਰੋ: www.cdpr.ca.gov/docs/enforce/cmpliast/worker_safety_regs.pdf.

## ਕੀਟਨਾਸ਼ਕਾਂ ਦੇ ਸੰਪਰਕ ਵਿੱਚ ਆਉਣ ਦੇ ਆਮ ਪਰਭਾਵਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ

- ਫਲੂ ਵਰਗੇ ਲੱਛਣ (ਜਿਵੇਂ ਥਕਾਵਟ, ਸਿਰ ਦਰਦ, ਜਾਂ ਚੱਕਰ ਆਉਣੇ)
- ਧੁੰਦਲੀ ਨਜ਼ਰ
- ਬੰਦ ਨੱਕ, ਗਲੇ ਵਿੱਚ ਖਰਾਸ਼, ਜਾਂ ਖੰਘ
- ਅੱਖ, ਨੱਕ, ਜਾਂ ਚਮੜੀ ਵਿੱਚ ਜਲਣ
- ਬਹੁਤ ਜ਼ਿਆਦਾ ਪਸੀਨਾ ਆਉਣਾ
- ਉਲਟੀਆਂ, ਦਸਤ, ਜਾਂ ਪੇਟ ਵਿੱਚ ਕੜਵੱਲ
- ਘਬਰਾਹਟ, ਉਲਝਣ, ਤਾਲਮੇਲ ਦਾ ਨੁਕਸਾਨ
- ਸਾਹ ਲੈਣ ਵਿੱਚ ਮੁਸ਼ਕਲ

9-1-1 'ਤੇ ਤੁਰੰਤ ਕਾਲ ਕਰੋ, ਜੇਕਰ ਤੁਸੀਂ ਜਾਂ ਕੋਈ ਹੋਰ ਵਿਅਕਤੀ:

- ਕਮਜ਼ੋਰ ਮਹਿਸੂਸ ਕਰਦੇ ਹੋ ਜਾਂ ਤੁਰਨ ਵਿੱਚ ਅਸਮਰੱਥ ਹੋ
- ਛਾਤੀ ਵਿੱਚ ਬੇਅਰਾਮੀ ਮਹਿਸੂਸ ਕਰਦੇ ਹੋ
- ਅੱਖਾਂ ਦੀਆਂ ਪੁਤਲੀਆਂ ਛੋਟੀਆਂ ਹੋ ਗਈਆਂ ਹਨ
- ਮੂੰਹ ਅਤੇ ਨੱਕ ਵਿੱਚੋਂ ਝੱਗ ਆਉਂਦੀ ਹੈ
- ਸਾਹ ਲੈਣ ਵਿੱਚ ਮੁਸ਼ਕਲ ਆਉਂਦੀ ਹੈ
- ਹੋਸ਼ ਗੁਆ ਦਿੰਦਾ ਹੈ

## ਕੀਟਨਾਸ਼ਕ ਸੰਬੰਧੀ ਬਿਮਾਰੀਆਂ

### ਕੀ ਤੁਸੀਂ ਸੰਭਾਵੀ ਕੀਟਨਾਸ਼ਕਾਂ ਦੇ ਸੰਪਰਕ ਵਿੱਚ ਆਉਣ ਤੋਂ ਪਰਭਾਵ ਦਾ ਅਨੁਭਵ ਕਰ ਰਹੇ ਹੋ?

- ਜੇਕਰ ਤੁਸੀਂ ਜਾਂ ਕੋਈ ਹੋਰ ਵਿਅਕਤੀ ਗੰਭੀਰ ਰੂਪ ਵਿੱਚ ਬਿਮਾਰ ਹੈ, ਤਾਂ ਮਦਦ ਲਈ 9-1-1 'ਤੇ ਕਾਲ ਕਰੋ।
- ਜਲਦੀ ਤੋਂ ਜਲਦੀ ਸਥਾਨਕ ਹਸਪਤਾਲ ਜਾਂ ਸਿਹਤ ਸੰਭਾਲ ਪ੍ਰਦਾਤਾ ਤੋਂ ਮਦਦ ਲਓ।
- ਘੱਟ ਗੰਭੀਰ ਮਾਮਲਿਆਂ ਲਈ, ਤੁਸੀਂ ਤੁਰੰਤ ਮੁਢਲੀ ਸਹਾਇਤਾ-ਜਾਣਕਾਰੀ ਅਤੇ ਅੱਗੇ ਕੀ ਕਰਨਾ ਹੈ, ਇਸ ਬਾਰੇ ਸਲਾਹ ਲਈ ਵੀ ਜ਼ਹਿਰ ਨਿਯੰਤ੍ਰਣ ਕੇਂਦਰ ਨੂੰ 1-800-222-1222 'ਤੇ ਮੁਫ਼ਤ ਵਿੱਚ ਕਾਲ ਕਰ ਸਕਦੇ ਹੋ। ਉਹ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੁੰਦੇ ਹਨ।

ਇਹ ਸ਼ਾਮਲ ਕਰਨਾ ਯਕੀਨੀ ਬਣਾਓ ਕਿ ਤੁਸੀਂ ਕੀਟਨਾਸ਼ਕ ਦੇ ਸੰਪਰਕ ਵਿੱਚ ਆ ਗਏ ਹੋ ਸਕਦੇ ਹੋ। ਜੇਕਰ ਸ਼ੱਕੀ ਕੀਟਨਾਸ਼ਕ ਨਾਲ ਸੰਪਰਕਵ ਘਰ ਜਾਂ ਕੰਮ 'ਤੇ ਹੋਇਆ ਹੈ, ਤਾਂ ਜੇਕਰ ਸੰਭਵ ਹੋਵੇ ਤਾਂ ਕੀਟਨਾਸ਼ਕ ਦੇ ਕੰਟੇਨਰ ਜਾਂ ਲੇਬਲ ਦੀ ਤਸਵੀਰ ਲਓ, ਅਤੇ ਜਦੋਂ ਤੁਸੀਂ ਕਾਲ ਕਰੋ ਜਾਂ ਦੇਖਭਾਲ ਦੀ ਮੰਗ ਕਰੋ, ਤਾਂ ਇਸਨੂੰ ਆਪਣੇ ਨਾਲ ਲਿਆਓ।

### ਕੀ ਤੁਹਾਨੂੰ **ਕੰਮ 'ਤੇ ਹੋਣ ਵੇਲੇ** ਕੀਟਨਾਸ਼ਕਾਂ ਦੇ ਸੰਪਰਕ ਵਿੱਚ ਆਉਣਾ ਪਿਆ ਸੀ?

ਆਪਣੇ ਮਾਲਕ ਨੂੰ ਡਾਕਟਰ ਕੋਲ ਲਿਜਾਣ ਲਈ ਕਹੋ। ਤੁਹਾਡੇ ਰੁਜ਼ਗਾਰਦਾਤਾ ਨੂੰ ਕਾਨੂੰਨ ਦੁਆਰਾ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਨੂੰ ਕੰਮ 'ਤੇ ਹੋਣ ਵੇਲੇ ਹੋਈ ਕੀਟਨਾਸ਼ਕ ਬਿਮਾਰੀ ਲਈ ਡਾਕਟਰ ਕੋਲ ਲਿਜਾਇਆ ਗਿਆ ਹੈ। ਡਾਕਟਰੀ ਖਰਚੇ ਕਰਮਚਾਰੀਆਂ ਦੇ ਮੁਆਵਜ਼ਾ ਸਿਸਟਮ ਦੁਆਰਾ ਕਵਰ ਕੀਤੇ ਜਾਂਦੇ ਹਨ (ਸੰਪਰਕ ਜਾਣਕਾਰੀ ਲਈ www.dir.ca.gov/dwc/ianda.html 'ਤੇ ਵਿਜ਼ਿਟ ਕਰੋ)।

ਜੇਕਰ ਤੁਹਾਨੂੰ ਇਹ ਲੱਗਦਾ ਹੈ ਕਿ ਕੀਟਨਾਸ਼ਕਾਂ ਦੇ ਸੰਪਰਕ ਵਿੱਚ ਆਉਣ ਨੇ ਤੁਹਾਨੂੰ ਬਿਮਾਰ ਕੀਤਾ ਹੈ, ਤਾਂ ਕੀ ਕਰਨਾ ਹੈ, ਇਸ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਇੱਥੇ ਵਿਜ਼ਿਟ ਕਰੋ: www.cdpr.ca.gov/docs/dept/quicklinks/whattodo.htm.

## ਇਸ ਸਰੋਤ ਬਾਰੇ

ਇਸ ਦਸਤਾਵੇਜ਼ ਦਾ ਉਦੇਸ਼ California ਦੇ ਭਾਈਚਾਰਿਆਂ ਅਤੇ ਕਾਉਂਟੀ ਖੇਤੀਬਾੜੀ ਕਮਿਸ਼ਨਰ (CAC) ਦੇ ਸਟਾਫ਼ ਲਈ ਰਾਜ ਭਰ ਵਿੱਚ ਸੰਚਾਰ ਅਤੇ ਰੁਝੇਵਿਆਂ ਨੂੰ ਬਿਹਤਰ ਬਣਾਉਣ ਅਤੇ ਵਧਾਉਣ ਲਈ ਕਮਿਊਨਿਟੀ ਅਤੇ CAC ਪਾਰਟਨਰਾਂ ਦੋਵਾਂ ਦੇ ਸਹਿਯੋਗੀ, ਵਿਭਿੰਨ ਗਰੁੱਪ ਦੁਆਰਾ ਤਿਆਰ ਕੀਤੇ ਗਏ ਵੱਖ-ਵੱਖ ਟੂਲਾਂ (ਕੀਟਨਾਸ਼ਕਾਂ ਦੇ ਕਾਨੂੰਨਾਂ ਅਤੇ ਨਿਯਮਾਂ ਬਾਰੇ ਵਿਭਾਗ ਦਾ Resource Hub for Local Engagement [ਸਥਾਨਕ ਸ਼ਮੂਲੀਅਤ ਲਈ ਸਰੋਤ ਹੱਬ]ਦੇਖੋ) ਵਿੱਚੋਂ ਇੱਕ ਦੇ ਰੂਪ ਵਿੱਚ ਇੱਕ ਸਰੋਤ ਬਣਾਉਣਾ ਹੈ।

ਕਮਿਊਨਿਟੀ ਦੇ ਮੈਂਬਰਾਂ ਲਈ ਗੈਰ-ਐਮਰਜੈਂਸੀ ਕੀਟਨਾਸ਼ਕ ਦੀ ਵਰਤੋਂ ਸੰਬੰਧੀ ਚਿੰਤਾ ਜਾਂ ਘਟਨਾ ਦੀ ਰਿਪੋਰਟ ਕਰਨ ਦੇ ਕਈ ਤਰੀਕੇ ਹਨ। ਇਹ ਸਰੋਤ ਕਮਿਊਨਿਟੀ ਦੇ ਮੈਂਬਰਾਂ ਨੂੰ ਇਸ ਗੱਲ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਵਿਕਸਤ ਕੀਤਾ ਗਿਆ ਸੀ ਕਿ ਇਹਨਾਂ ਚਿੰਤਾਵਾਂ ਦੀ ਜਾਂਚ ਲਈ CAC ਦਫ਼ਤਰ ਨੂੰ ਕਿਵੇਂ ਰਿਪੋਰਟ ਕਰਨੀ ਹੈ। ਇਸ ਸਰੋਤ ਵਿੱਚ ਕੀਟਨਾਸ਼ਕ ਸੰਬੰਧੀ ਚਿੰਤਾਵਾਂ ਦੀ ਗੁੰਮਨਾਮ ਰੂਪ ਵਿੱਚ ਰਿਪੋਰਟ ਕਰਨ ਬਾਰੇ ਜਾਣਕਾਰੀ ਸ਼ਾਮਲ ਹੈ ਅਤੇ ਜਾਂਚ ਅਤੇ ਲਾਗੂ ਕਰਨ ਲਈ CACs ਨੂੰ ਕਿਹੜੀ ਜਾਣਕਾਰੀ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ, ਇਸਦੀ ਇੱਕ ਝਲਕ ਸ਼ਾਮਲ ਹੈ। ਇਹ ਸਰੋਤ ਕਮਿਊਨਿਟੀ ਦੇ ਮੈਂਬਰਾਂ ਨੂੰ ਵੰਡਿਆ ਜਾ ਸਕਦਾ ਹੈ, CAC ਸਟਾਫ਼ ਦੁਆਰਾ ਇਸ ਤੋਂ ਲਾਭ ਲਿਆ ਜਾ ਸਕਦਾ ਹੈ, ਜਾਂ CAC ਦਫ਼ਤਰਾਂ ਅਤੇ ਵੈੱਬਪੇਜਾਂ ਵਿੱਚ ਪੋਸਟ ਕੀਤਾ ਜਾ ਸਕਦਾ ਹੈ। ਕਾਉਂਟੀਆਂ ਇਸ ਦਸਤਾਵੇਜ਼ ਜਾਂ ਕਾਉਂਟੀ ਖੇਤੀਬਾੜੀ ਕਮਿਸ਼ਨਰ ਦਾ ਦਫ਼ਤਰ ਵੌਇਸਮੇਲ ਮੈਸਜ ਟੈਮਪਲੇਟ ਤੋਂ ਕੀਟਨਾਸ਼ਕ ਸੰਬੰਧੀ ਘਟਨਾਵਾਂ ਦੀਆਂ ਰਿਪੋਰਟਾਂ ਲਈ ਆਪਣੇ ਖੁਦ ਦੇ ਵੌਇਸਮੇਲ ਮੈਸੇਜ ਲਈ ਕਿਸੇ ਵੀ ਜਾਣਕਾਰੀ ਨੂੰ ਅਨੁਕੂਲਿਤ ਕਰ ਸਕਦੀਆਂ ਹਨ।